ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ
ਡਾਇਰੀ ਨੰ: 608 ਮਿਤੀ 19/11/20

ਵੱਲੋਂ

ਡਾਇਰੈਕਟਰ,
ਬਿਊਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ।

ਵੱਲ

ਮਾਨਯੋਗ ਵਧੀਕ ਸਕੱਤਰ,
ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ
ਚੰਡੀਗੜ੍ਹ।

ਨੰ. /ਕਰਾਇਮ/ਸੀ.ਬੀ.-5 (ਐਮ.ਸੀ) ਮਿਤੀ:

ਵਿਸ਼ਾ: ਪੰਜਾਬ ਵਿੱਚ ਘੱਟ ਗਿਣਤੀ ਸਮੁਦਾਇ ਦੇ ਲੋਕਾਂ ਨਾਲ ਹੋ ਰਹੀਆਂ ਕਥਿਤ ਵਧੀਕੀਆਂ ਅਤੇ ਜੁਲਮਾਂ ਸਬੰਧੀ ਕਾਰਵਾਈ ਕਰਨ ਬਾਰੇ।

ਯਾਦ-ਪੱਤਰ:

ਹਵਾਲਾ ਆਪ ਜੀ ਦੇ ਦਫਤਰ ਦੇ ਪੱਤਰ ਨੰਬਰ: ਅੱਧ:ਸ:ਪੱ:ਨੰ:17/8/2020/6ਅਦਾ2/ 2534 ਮਿਤੀ 03.09.2020, ਵਿਸਾ ਉਕਤ ਦੇ ਸਬੰਧ ਵਿੱਚ।

2. ਵਿਸਾ ਅੰਕਿਤ ਮਾਮਲੇ ਸਬੰਧੀ ਇਸ ਦਫਤਰ ਵੱਲੋਂ ਪੰਜਾਬ ਦੇ ਸਮੂਹ ਕਮਿਸ਼ਨਰ ਆਫ ਪੁਲਿਸ,ਪੰਜਾਬ ਅਤੇ ਸਮੂਹ ਸੀਨੀਅਰ ਕਪਤਾਨ ਪੁਲਿਸ,ਪੰਜਾਬ ਨੂੰ ਜਾਰੀ ਕੀਤੀ ਗਈ ਹਦਾਇਤ ਪੱਤਰ ਨੰਬਰ 2349-75/ਕਰਾਇਮ/ਸੀ.ਬੀ.-5 (ਐਮ.ਸੀ) ਮਿਤੀ:16.09.2020 ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

18/11/20
mc

(ਏ.ਆਈ.ਜੀ / ਕਮਿਸ਼ਨ)
ਵਾ: ਡਾਇਰੈਕਟਰ,
ਬਿਊਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ

ਨੱਥੀ ਉਕਤ ਅਨੁਸਾਰ

No: 2753 /ਕਰਾਇਮ/ਸੀ.ਬੀ.-5 (ਐਮ.ਸੀ) ਮਿਤੀ: 10/11/2020

ਉਪਰੋਕਤ ਦਾ ਉਤਾਰਾ ਮਾਨਯੋਗ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ, ਟਾਵਰ ਨੰ: 4, ਚੋਥੀ ਮੰਜਲ, ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ ਨੂੰ ਉਹਨਾ ਦੇ ਦਫਤਰ ਦੇ ਅੱਧ:ਸ:ਪੱ:ਨੰ:08/01/ 2020/ 417 ਮਿਤੀ 14.07.2020, ਦੇ ਸਬੰਧ ਵਿੱਚ ਇਸ ਦਫਤਰ ਵੱਲੋਂ ਸਮੂਹ ਕਮਿਸ਼ਨਰ ਆਫ ਪੁਲਿਸ, ਪੰਜਾਬ ਅਤੇ ਸਮੂਹ ਸੀਨੀਅਰ ਕਪਤਾਨ ਪੁਲਿਸ, ਪੰਜਾਬ ਨੂੰ ਜਾਰੀ ਕੀਤੀ ਗਈ ਹਦਾਇਤ ਪੱਤਰ ਨੰਬਰ 2349-75/ਕਰਾਇਮ/ ਸੀ.ਬੀ.-5 (ਐਮ.ਸੀ) ਮਿਤੀ: 16.09.2020 ਦੀ ਕਾਪੀ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

(ਏ.ਆਈ.ਜੀ / ਕਮਿਸ਼ਨ)
ਵਾ: ਡਾਇਰੈਕਟਰ,
ਬਿਊਰੋ ਆਫ ਇੰਨਵੈਸਟੀਗੇਸਨ,
ਪੰਜਾਬ, ਚੰਡੀਗੜ੍ਹ

ਨੱਥੀ ਉਕਤ ਅਨੁਸਾਰ

File it
20/11

ਵੱਲੋ

ਡਾਇਰੈਕਟਰ,
ਬਿਊਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ।

ਵੱਲ

ਸਮੂਹ ਕਮਿਸਨਰ ਆਫ ਪੁਲਿਸ,ਪੰਜਾਬ।
ਸਮੂਹ ਸੀਨੀਅਰ ਕਪਤਾਨ ਪੁਲਿਸ,ਪੰਜਾਬ।

ਨੰ. 2349-75/ਕਰਾਇਮ/ਸੀ.ਬੀ.-5 (ਐਮ.ਸੀ) ਮਿਤੀ: 16/09/2020

ਵਿਸਾ ਪੰਜਾਬ ਭਰ ਵਿੱਚ ਘੱਟ ਗਿਣਤੀਆਂ ਭਾਈਚਾਰੇ ਉਪਰ ਹੋ ਰਹੇ ਹਮਲਿਆਂ ਵਧੀਕੀਆਂ ਅਤੇ ਧੱਕੇ ਸ਼ਾਹੀਆਂ ਨੂੰ ਰੋਕਣ ਸਬੰਧੀ ਅਤੇ ਦੋਸ਼ੀਆਂ ਵਿਰੁੱਧ ਕਾਨੂੰਨ ਅਨੁਸਾਰ ਸਖਤ ਕਾਰਵਾਈ ਦੀ ਮੰਗ।

ਮੀਮੋ:-

ਹਵਾਲਾ ਵਿਸਾ ਉਕਤ ਦੇ ਸਬੰਧ ਵਿਚ।

2. ਉਪਰੋਕਤ ਵਿਸਾ ਦੇ ਸਬੰਧ ਵਿੱਚ ਮਾਨਯੋਗ ਪੰਜਾਬ ਘੱਟ ਗਿਣਤੀ ਕਮਿਸ਼ਨ ਨੇ ਅਰਧ ਸਰਕਾਰੀ ਪੱਤਰ ਨੰਬਰ: 08/01/2020/417 ਮਿਤੀ 14.07.2020. ਰਾਹੀ ਇਸ ਦਫਤਰ ਨੂੰ ਸੂਚਿਤ ਕੀਤਾ ਹੈ ਕਿ ਉਹਨਾਂ ਪਾਸ ਇਸਾਈ ਭਾਈਚਾਰੇ ਦੇ ਗਰੀਬ ਲੋਕਾਂ ਵੱਲੋਂ ਦਿੱਤਾਂ ਪ੍ਰਤੀ ਬਹੁਤ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ ਇਨ੍ਹਾਂ ਗਰੀਬ ਲੋਕਾਂ ਉਤੇ ਧਨਾਡ ਵਿਅਕਤੀਆਂ ਦੁਆਰਾ ਤਸ਼ੱਦਦ ਕੀਤੇ ਜਾਂਦੇ ਹਨ ਜਦੋਂ ਉਹ ਇਸ ਸੰਬੰਧੀ ਆਪਣੀ ਸ਼ਿਕਾਇਤ ਪੁਲਿਸ ਥਾਣੇ ਵਿੱਚ ਲਿਖਵਾਉਣ ਜਾਂਦੇ ਹਨ ਤਾਂ ਉਨ੍ਹਾਂ ਦੇ ਗਰੀਬ ਅਤੇ ਅਨਪੜ੍ਹ ਹੋਣ ਕਾਰਣ ਜਾਂ ਤਾਂ ਉਨ੍ਹਾਂ ਦੀ ਸ਼ਿਕਾਇਤ ਸੁਣੀ ਹੀ ਨਹੀਂ ਜਾਂਦੀ ਅਤੇ ਜੇਕਰ ਉਨ੍ਹਾਂ ਦੀ ਸ਼ਿਕਾਇਤ ਦਰਜ ਕਰ ਲਈ ਜਾਂਦੀ ਹੈ ਤਾਂ ਬਾਅਦ ਵਿੱਚ ਉਨ੍ਹਾਂ ਤੇ ਰਾਜੀਨਾਮੇ ਕਰਨ ਲਈ ਜੋਰ ਪਾਇਆ ਜਾਂਦਾ ਹੈ।

3. ਮਿਤੀ 9.7.2020 ਨੂੰ ਮਾਨਯੋਗ ਕਮਿਸ਼ਨ ਦੀ ਈ ਮੇਲ ਤੇ ਪ੍ਰਾਪਤ ਹੋਈ ਸ਼ਿਕਾਇਤ ਵਿੱਚ ਸੈਮੂਅਲ ਮਸੀਹ ਅਤੇ ਸੁਖਰਾਜ ਮਸੀਹ ਵਾਸੀ ਪਿੰਡ ਦੂਜੋਵਾਲ, ਤਹਿਸੀਲ ਅਨਜਾਲਾ, ਜਿਲਾ ਅੰਮ੍ਰਿਤਸਰ ਨੇ ਬੇਨਤੀ ਕੀਤੀ ਹੈ ਕਿ ਹਰਿੰਦਰ ਸਿੰਘ ਉਰਫ ਹਿੰਦਾ ਆਦਿ ਨੇ ਉਹਨਾਂ ਦੇ ਘਰ ਅੰਦਰ ਦਾਖਲ ਹੋ ਕੇ ਹਮਲਾ ਕੀਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ, ਪ੍ਰੰਤੂ ਸਥਾਨਿਕ ਪੁਲਿਸ ਵੱਲੋਂ ਉਨ੍ਹਾਂ ਦੀ ਕੋਈ ਵੀ ਸੁਣਵਾਈ ਨਹੀਂ ਕੀਤੀ ਜਾ ਰਹੀ। ਇਸ ਸਬੰਧ ਵਿੱਚ ਮਸੀਹ ਏਕਤਾ ਸੰਘਰਸ਼ ਕਮੇਟੀ ਨੇ ਸਥਾਨਕ ਪ੍ਰਸ਼ਾਸ਼ਨ ਅਤੇ ਪੁਲਿਸ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਉਹ ਬਿਨਾਂ ਕਿਸੇ ਪਾਰਟੀ ਦੇ ਦਬਦਬੇ ਤੋਂ ਦੋਸ਼ੀਆਂ ਤੇ ਬਣਦੀਆਂ ਧਾਰਾਂਵਾਂ ਤਹਿਤ ਕਾਨੂੰਨੀ ਕਾਰਵਾਈ ਕਰਨ ਤਾਂ ਜੋ ਮਸੀਹ ਭਾਈਚਾਰੇ ਨੂੰ ਇੰਨਸਾਫ ਮਿਲ ਸਕੇ। ਉਨ੍ਹਾਂ ਵੱਲੋਂ ਇਹ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਪ੍ਰਸ਼ਾਸਨ ਕਾਰਵਾਈ ਕਰਨ ਵਿੱਚ ਮੱਤਭੇਦ ਜਾਂ ਦੇਰੀ ਕਰਦਾ ਹੈ ਤਾਂ ਇਸ ਸਬੰਧੀ ਧਰਨੇ ਲਾ ਕੇ ਪ੍ਰਸ਼ਾਸਨ ਨੂੰ ਇੰਨਸਾਫ ਦੇਣ ਲਈ ਬੇਨਤੀ ਕੀਤੀ ਜਾਵੇਗੀ।

4. ਇਸ ਤੋਂ ਪਹਿਲਾ ਪਿੰਡ ਪੰਡੋਰੀ ਤਹਿਸੀਲ ਅਜਨਾਲਾ ਜਿਲਾ ਅੰਮ੍ਰਿਤਸਰ ਵਿਖੇ ਘੱਟ ਗਿਣਤੀ ਭਾਈਚਾਰੇ ਦੇ ਕੁਝ ਕਾਮੇ ਮਜਦੂਰਾਂ ਨਾਲ ਝਗੜਾ ਕਰਨ ਉਪਰੰਤ ਉਨ੍ਹਾਂ ਤੇ ਗੋਲੀ ਚਲਾ ਦਿੱਤੀ ਗਈ ਸੀ ਜਿਸ ਵਿੱਚ ਇੱਕ ਨਬਾਲਗ ਬੱਚਾ ਵੀ ਜਖਮੀ ਹੋਇਆ ਸੀ। ਇਸ ਸਬੰਧ ਵਿੱਚ ਪੁਲਿਸ ਵੱਲੋਂ ਹਾਲੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ।

5. ਸ਼੍ਰੀ ਮੁਖਤਾਰ ਮਸੀਹ ਉਰਫ ਕਾਲੂ ਪੁੱਤਰ ਮੰਗਾ ਮਸੀਹ ਕੌਮ ਇਸਾਈ ਵਾਸੀ ਰਾਏਪੁਰ ਖਰਦ ਤਹਿਸੀਲ ਅਜਨਾਲਾ ਜਿਲਾ ਅੰਮ੍ਰਿਤਸਰ ਨੇ ਵੀ ਕਮਿਸ਼ਨ ਨੂੰ ਈਮੇਲ ਰਾਹੀਂ ਡੀ.ਐਸ.ਪੀ ਸੋਹਣ ਸਿੰਘ ਅਜਨਾਲਾ ਵੱਲੋਂ ਦੋਸ਼ੀ ਪਾਰਟੀ ਨਾਲ ਮਿਲੀ ਭੁਗਤ ਕਰਕੇ ਇੰਨਕੁਆਰੀ ਕਰਨ ਸਬੰਧੀ ਸ਼ਿਕਾਇਤ ਭੇਜੀ ਸੀ ਜਿਸਦੇ ਸਬੰਧ ਵਿੱਚ ਕਮਿਸ਼ਨ ਵੱਲੋਂ ਮਿਤੀ 12.5.2020 ਅਤੇ ਪੱਤਰ ਨੰ 168-ਸ/2020/ ਕਮਿਸ਼ਨ/240 ਮਿਤੀ 28.5.2020 ਅਤੇ ਪੱਤਰ ਨੰ 168-ਸ/2020/ 308 ਮਿਤੀ 18.6.2020 ਰਾਹੀਂ ਇੰਨਕੁਅਰੀ ਕਰਕੇ ਰਿਪੋਰਟ ਭੇਜਣ ਲਈ ਲਿਖਿਆ ਗਿਆ ਸੀ ਪਰ ਹਾਲੇ ਤੱਕ ਇਸ ਕੇਸ ਵਿੱਚ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।

ਉਕਤ ਦੇ ਮੱਦੇ-ਨਜਰ ਆਪ ਨੂੰ ਮਾਨਯੋਗ ਕਮਿਸ਼ਨ ਤੋ ਪ੍ਰਾਪਤ ਅਰਧ ਸਰਕਾਰੀ ਪੱਤਰ ਨੰਬਰ: 08/01/2020/417 ਮਿਤੀ 14.07.2020. ਦੀ ਕਾਪੀ ਭੇਜਕੇ ਲਿਖਿਆ ਜਾਦਾ ਹੈ ਕਿ ਪੱਤਰ ਵਿੱਚ ਦਰਸਾਈਆਂ ਘਟਨਾਵਾਂ ਬਾਰੇ ਕੀਤੀ ਗਈ ਕਾਰਵਾਈ ਸਬੰਧੀ ਵਿਸਥਾਰਪੂਰਵਕ ਰਿਪੋਰਟਾਂ ਸਬੰਧਤ ਜਿਲ੍ਹਿਆਂ ਵੱਲੋ ਮਾਨਯੋਗ ਕਮਿਸ਼ਨ ਨੂੰ ਸਿੱਧੇ ਤੌਰ ਤੇ ਭੇਜਣੀਆਂ ਯਕੀਨੀ ਬਣਾਈਆਂ ਜਾਣ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲੇ/ਵਧੀਕੀਆਂ ਅਤੇ ਅਤਿਆਚਾਰ ਸਬੰਧੀ ਪ੍ਰਾਪਤ ਦਰਖਾਸਤਾਂ ਤੇ ਤੁਰੰਤ ਕਾਨੂੰਨ ਅਨੁਸਾਰ ਕਾਰਵਾਈ ਕਰਕੇ ਇਹਨਾਂ ਨੂੰ ਇਨਸਾਫ ਦਿੱਤਾ ਜਾਵੇ।

(ਏ.ਆਈ.ਜੀ / ਕਮਿਸ਼ਨ)
ਵਾ: ਡਾਇਰੈਕਟਰ,
ਬਿਊਰੋ ਆਫ ਇੰਨਵੈਸਟੀਗੇਸ਼ਨ,
ਪੰਜਾਬ, ਚੰਡੀਗੜ੍ਹ।

ਨੱਥੀ ਉਕਤ ਅਨੁਸਾਰ